# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ. ਅਤੇ ਐ.ਸਿ.)

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਮੀਮੋ ਨੰ. e-422076/SCERT, QP/UP/2022-337621

ਮਿਤੀ: ਐੱਸ.ਏ.ਐੱਸ. ਨਗਰ, 23.12.2022

**ਵਿਸ਼ਾ: Punjab Vision Document ਲਈ roadmap ਤਿਆਰ ਕਰਨ ਲਈ ਸਰਵੇ ਕਰਵਾਉਣ ਸੰਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦੇਣ, ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਅਤੇ ਸਮੇਂ ਦੇ ਹਾਣੀ ਬਣਾਉਣ ਲਈ 5 ਸਾਲਾਂ ਦਾ roadmap ਤਿਆਰ ਕੀਤਾ ਜਾਂਣਾ ਹੈ।
3. ਇਹ roadmap ਨੂੰ ਤਿਆਰ ਕਰਨ ਲਈ ਸਮੂਹ ਸਿੱਖਿਆ ਅਧਿਕਾਰੀਆਂ,ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ (Parents) ਦੇ ਕੀਮਤੀ ਸੁਝਾਅ ਨੂੰ ਮੱਦੇਨਜ਼ਰ ਰੱਖਦੇ ਤਿਆਰ ਕੀਤਾ ਜਾਵੇਗਾ।
4. ਇਨ੍ਹਾਂ ਸੁਝਾਵਾਂ ਨੂੰ ਪ੍ਰਾਪਤ ਕਰਨ ਲਈ ਹੇਠ ਲਿਖੇ ਲਿੰਕ ਤੇ ਆਪਣੇ ਸੁਝਾਅ/ਗਤੀਵਿਧੀਆਂ ਕਰਵਾਕੇ, ਇਸ ਸਬੰਧ ਵਿੱਚ ਕੀਤੇ ਜਾ ਰਹੇ ਸਰਵੇਖਣਾਂ ਨੂੰ ਪ੍ਰੋਫਾਰਮੇ ਵਿਚ ਦਰਜ ਕਰ ਸਕਦੇ ਹਨ।(ਨੱਥੀ ਹੈ)
   - **4.1.** **Teachers' Survey-Punjab School Education Vision**- https://forms.gle/BT9puJWekybjENJT6
   - **4.2.** **School heads' Survey-Punjab School Education Vision**- https://forms.gle/C8VAyMaGS7hcaUzy7
5. ਅਧਿਕਾਰੀ/ਅਧਿਆਪਕਾਂ/ਵਿਦਿਆਰਥੀਆਂ ਲਈ ਭਰੇ ਜਾਣ ਵਾਲੇ ਪ੍ਰੋਫਾਰਮੇ ਦਰਜ ਕੈਟਾਗਰੀ ਅਨੁਸਾਰ ਹੀ ਭਰੇ ਜਾਣ।
6. ਇਸ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.) ਜੀ ਇਸ ਸਰਵੇ ਨੂੰ ਪੂਰੀ ਤਰ੍ਹਾਂ ਸੰਜੀਦਗੀ ਨਾਲ ਕਰਵਾਉਣ ਲਈ ਸਕੂਲ ਮੁਖੀਆਂ/ਅਧਿਆਪਕਾਂ/ਵਿਦਿਆਰਥੀਆਂ/ਸਮੁਦਾਇ ਆਦਿ ਹਰ ਹਫਤੇ review ਅਤੇ follow up ਲੈਣ ਦੀ ਖੇਚਲ ਕਰਨ ਜੀ ਤਾਂ ਜੋ ਸਕੂਲ ਸਿੱਖਿਆ ਵਿਭਾਗ ਵੱਲੋਂ ਆਉਂਣ ਵਾਲੇ 5 ਸਾਲਾਂ ਦਾ vision document ਦਾ roadmap ਤਿਆਰ ਕੀਤਾ ਜਾ ਸਕੇ।
7. ਇਸ ਉਕਤ ਸਰਵੇ ਨੂੰ ਮਿਤੀ 04-01-2023 ਤੱਕ ਮੁਕੰਮਲ ਕਰਵਾ ਲਿਆ ਜਾਵੇ ਜੀ।

**ਡਾਇਰੈਕਟਰ**

**ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ, ਪੰਜਾਬ**

ਪੰਜਾਬ ਸਕੂਲ ਸਿੱਖਿਆ ਵਿਜ਼ਨ 2047

# ਕਲਾਸਰੂਮ ਗਤੀਵਿਧੀ ਦੁਆਰਾ ਵਿਦਿਆਰਥੀ ਦੇ ਵਿਚਾਰ ਇਕੱਠੇ ਕਰਨਾ

ਕਲਾਸ ਦੀਆਂ ਗਤੀਵਿਧੀਆਂ ਲਈ ਦਿਨ ਨਿਰਧਾਰਿਤ ਕਰੋ।

**ਨੋਟ:** ਗਤੀਵਿਧੀ ਦਿਨ ਦੇ ਪਹਿਲੇ ਜਾਂ ਆਖਰੀ ਪੀਰੀਅਡ ਦੌਰਾਨ ਕੀਤੀ ਜਾ ਸਕਦੀ ਹੈ।

a. ਹਰੇਕ ਜਮਾਤ ਦੇ ਅਧਿਆਪਕ ਨੂੰ ਇੱਕ ਜਮਾਤ ਦੇ ਸਮੇਂ ਦੌਰਾਨ ਗ੍ਰੇਡ ਅਨੁਸਾਰ ਗਤੀਵਿਧੀਆਂ ਕਰਵਾਉਣੀਆਂ ਪੈਂਦੀਆਂ ਹਨ।

b. ਗਤੀਵਿਧੀ ਪੂਰੀ ਹੋਣ ਤੋਂ ਬਾਅਦ, ਅਧਿਆਪਕਾਂ ਨੂੰ ਸਰਵੇਖਣ ਫਾਰਮ ਭਰਨਾ ਪੈਂਦਾ ਹੈ ਜੋ ਕਿ ਈ-ਪੰਜਾਬ ਪੋਰਟਲ 'ਤੇ ਉਪਲਬਧ ਹੈ।








# ਗਤੀਵਿਧੀ ਯੋਜਨਾ
# ਜਮਾਤ 1-3



ਉਦੇਸ਼: ਡਰਾਇੰਗ ਰਾਹੀਂ ਸੁਪਨਿਆਂ ਦੇ ਸਕੂਲ ਬਾਰੇ ਵਿਦਿਆਰਥੀ ਦੇ ਵਿਚਾਰ ਇਕੱਠੇ ਕਰਨਾ

ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਪਹਿਲੂਆਂ ਨੂੰ ਡਰਾਇੰਗ ਕਰਨ ਲਈ ਕਹੋ-

| ਮੇਰੇ ਸੁਪਨਿਆਂ ਦਾ ਸਕੂਲ ਹੈ | ਮੇਰੇ ਸੁਪਨਿਆਂ ਦੇ ਸਕੂਲ ਵਿੱਚ, ਮੈਨੂੰ ਹੇਠ ਲਿਖੀਆਂ ਗਤੀਵਿਧੀਆਂ ਕਰਨ ਲਈ ਮਿਲਦੀ ਹੈ |
|---|---|
| | |

ਨੋਟ: ਕਲਾਸ ਅਧਿਆਪਕਾਂ ਨੂੰ ਵਿਦਿਆਰਥੀ ਦੇ ਵਿਚਾਰਾਂ ਦਾ ਸਤਿਕਾਰ ਕਰਨ ਅਤੇ ਉਹਨਾਂ ਦੀ ਪਛਾਣ ਅਤੇ ਜਾਣਕਾਰੀ ਨੂੰ ਗੁਪਤ ਰੱਖਣ ਦੀ ਬੇਨਤੀ ਕੀਤੀ ਜਾਂਦੀ ਹੈ।

# ਗਤੀਵਿਧੀ ਯੋਜਨਾ
# ਜਮਾਤ 4-12

ਉਦੇਸ਼: ਸਮੂਹ ਚਰਚਾ ਰਾਹੀਂ ਸੁਪਨਿਆਂ ਦੇ ਸਕੂਲ ਬਾਰੇ ਵਿਦਿਆਰਥੀ ਦੇ ਵਿਚਾਰ ਇਕੱਠੇ ਕਰਨਾ

**ਗਤੀਵਿਧੀ ਕਰਨ ਲਈ ਕਦਮ -**

a. 8-10 ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਕਰੋ।
b. ਗਰੁੱਪ ਲੀਡਰ ਨਿਯੁਕਤ ਕਰੋ।
c. ਵਿਦਿਆਰਥੀਆਂ ਨੂੰ ਗਤੀਵਿਧੀ ਬਾਰੇ ਦੱਸੋ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਸਮੂਹਾਂ ਵਿੱਚ ਸਵਾਲਾਂ 'ਤੇ ਚਰਚਾ ਕਰਨ ਲਈ ਕਹੋ।
d. ਚਰਚਾ ਤੋਂ ਬਾਅਦ, ਗਰੁੱਪ ਲੀਡਰ ਨੂੰ ਵਿਚਾਰੇ ਗਏ ਜਵਾਬਾਂ ਦਾ ਸਾਰ ਦੇਣ ਲਈ ਕਹੋ।

**ਵਿਦਿਆਰਥੀਆਂ ਲਈ ਚਰਚਾ ਦੇ ਸਵਾਲ -**

1. ਕਿਹੜੀ ਚੀਜ ਤੁਹਾਡੇ ਲਈ ਸਕੂਲ ਆਉਣਾ ਮਜ਼ੇਦਾਰ ਬਣਾਉਂਦੀ ਹੈ?
2. ਤੁਹਾਡਾ ਸੁਪਨੇ ਵਾਲਾਂ ਸਕੂਲ ਕਿਹੋ ਜਿਹਾ ਲੱਗਦਾ ਹੈ?
3. ਤੁਹਾਡੇ ਮਾਪੇ ਤੁਹਾਡੀ ਪੜ੍ਹਾਈ ਦਾ ਸਮਰਥਨ ਕਿਵੇਂ ਕਰ ਸਕਦੇ ਹਨ?
4. ਅਧਿਆਪਕ ਸਕੂਲ ਵਿੱਚ ਤੁਹਾਡੀ ਸਿਖਲਾਈ ਵਿੱਚ ਕਿਵੇਂ ਸਹਾਇਤਾ ਕਰ ਸਕਦੇ ਹਨ?

# ਵਿਜ਼ਨ 2047

## ਪੰਜਾਬ ਵਿੱਚ ਗੁਣਵੱਤੀ ਸਿੱਖਿਆ

## ਕਮਿਊਨਿਟੀ ਸਿੱਖਿਆ ਸਭਾ

ਭਾਗੀਦਾਰ:

- ਘੱਟੋ-ਘੱਟ 5 ਮਾਪੇ
- ਐਸਐਮਸੀ ਚੇਅਰਪਰਸਨ
- 2-3 SMC/ਕਮਿਊਨਿਟੀ ਮੈਂਬਰ
- ਕੋਈ ਹੋਰ ਮਹਿਮਾਨ/ਮਾਹਰ/GOG

ਸਮੇਂ ਦੀ ਮਿਆਦ

1.5 hours

# ਸਮਾਗਮਾਂ ਦੌਰਾਨ

**ਸਕੂਲ ਮੁਖੀ ਲਈ ਸੁਝਾਅ**

1. ਸਵਾਲਾਂ ਨੂੰ ਛੋਟਾ ਅਤੇ ਕਰਿਸਪ ਰੱਖੋ
2. ਇੱਕ ਨਿੱਘਾ ਅਤੇ ਦੋਸਤਾਨਾ ਮਾਹੌਲ ਬਣਾਓ
3. ਕਿਸੇ ਹੋਰ ਅਧਿਆਪਕ ਨੂੰ ਸਾਰੀ ਚਰਚਾ ਦੇ ਨੋਟ ਲੈਣ ਲਈ ਕਹੋ
4. ਲੋੜ ਪੈਣ 'ਤੇ ਫਾਲੋ-ਅੱਪ ਸਵਾਲ ਪੁੱਛੋ
5. ਯਕੀਨੀ ਬਣਾਓ ਕਿ ਹਰ ਕਿਸੇ ਨੂੰ ਬੋਲਣ ਦਾ ਮੌਕਾ ਮਿਲੇ
6. ਜੇਕਰ ਲੋਕੀ ਸਵਾਲ ਤੋਂ ਅੱਡ ਹੋ ਰਹੇ ਹਨ, ਤਾਂ ਨਿਮਰਤਾ ਨਾਲ ਚਰਚਾ ਨੂੰ ਅੱਗੇ ਵਧਾਓ
7. ਕਿਸੇ ਵੀ ਗੱਲ 'ਤੇ ਆਪਣੀ ਸਹਿਮਤੀ/ਅਸਹਿਮਤੀ ਦੇਣ ਤੋਂ ਬਚੋ

**ALL THE BEST !**

# ਸਮਾਗਮ ਤੋਂ ਪਹਿਲਾਂ

- ਇੱਕ ਮਿਤੀ ਅਤੇ ਸਮਾਂ ਫਿਕਸ ਕੀਤਾ ਜਾਵੇ
- ਮਾਪਿਆਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਸੱਦਾ ਭੇਜਿਆ ਜਾਵੇ
- ਸਿੱਖਿਆ ਸਭਾ ਲਈ ਸਵਾਲਾਂ ਦੀ ਪੜਚੋਲ ਕਰੋ ਅਤੇ ਉਸ ਅਨੁਸਾਰ ਤਿਆਰੀ ਕੀਤੀ ਜਾਵੇ
- ਕਲਾਸਰੂਮ ਵਿੱਚ ਇੱਕ ਗੋਲਾਕਾਰ ਬੈਠਣ ਦਾ ਪ੍ਰਬੰਧ ਕੀਤਾ ਜਾਵੇ
- ਪਾਣੀ ਦਾ ਪ੍ਰਬੰਧ ਕੀਤਾ ਜਾਵੇ
- ਬੋਰਡ 'ਤੇ ਵਿਸ਼ਾ ਅਤੇ ਏਜੰਡਾ ਲਿਖਿਆ ਹੋਵੇ

# ਭਾਗੀਦਾਰਾਂ ਲਈ ਨਿਯਮ

ਸੰਚਾਲਕ ਅਤੇ ਹੋਰ ਭਾਗੀਦਾਰਾਂ ਦੇ ਵਿਚਾਰਾਂ ਦਾ ਆਦਰ ਕਰੋ

ਇੱਕ ਸਮੇਂ ਵਿੱਚ ਇੱਕ ਵਿਅਕਤੀ ਬੋਲੇਗਾ

ਜੇਕਰ ਕੋਈ ਸਵਾਲ ਅਸਪਸ਼ਟ ਹੈ ਤਾਂ ਸਪਸ਼ਟੀਕਰਨ ਲਈ ਪੁੱਛੋ

ਯਕੀਨੀ ਬਣਾਓ ਕਿ ਹਰ ਕਿਸੇ ਨੂੰ ਬੋਲਣ ਦਾ ਬਰਾਬਰ ਮੌਕਾ ਮਿਲੇ

ਇੱਕੋ ਗੱਲ ਨੂੰ ਪੂਰੀ ਤਰ੍ਹਾਂ ਦੁਹਰਾਉਣ ਤੋਂ ਬਚੋ

# ਸਮਾਸੂਚੀ

| ਸਮਾਂ | ਵੇਰਵੇ |
|---|---|
| 5 ਮਿੰਟ | <u>ਭਾਗੀਦਾਰਾਂ ਦਾ ਸੁਆਗਤ ਕਰੋ ਅਤੇ ਉਦੇਸ਼ ਸਾਂਝੇ ਕਰੋ:</u><br><br>ਅਸੀਂ ਇੱਥੇ ਪੰਜਾਬ ਦੀ ਸਿੱਖਿਆ ਦੇ ਵਿਜ਼ਨ ਸਿਰਜਣ ਲਈ ਵਿਚਾਰ-ਵਟਾਂਦਰਾ ਕਰਨ ਅਤੇ ਆਪਣੇ ਸੁਝਾਅ ਦੇਣ ਲਈ ਇਕੱਠੇ ਹੋਏ ਹਾਂ। ਵਿਜ਼ਨ ਸਾਡੀਆਂ ਲੋੜਾਂ ਤੋਂ ਬਿਨਾਂ ਅਧੂਰੀ ਰਹਿ ਜਾਏਗੀ। ਇਸ ਲਈ, ਅੱਜ ਅਸੀਂ ਇੱਥੇ ਇੱਕ ਸਮਾਜ ਦੇ ਰੂਪ ਵਿੱਚ ਸਿੱਖਿਆ ਪ੍ਰਣਾਲੀ ਤੋਂ ਸਾਡੀਆਂ ਉਮੀਦਾਂ ਅਤੇ ਸੁਪਨੇ ਸਾਂਝੇ ਕਰਨ ਲਈ ਆਏ ਹਾਂ। ਸਿੱਖਿਆ ਵਿਭਾਗ ਨੇ ਸਾਨੂੰ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਪ੍ਰਤੀ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਹੈ। |
| 2 ਮਿੰਟ | ਚਰਚਾ ਲਈ ਨਿਯਮਾਂ ਨੂੰ ਸਾਂਝਾ ਕਰੋ |
| 10 ਮਿੰਟ | ਸਾਰਿਆਂ ਨੂੰ ਆਪਣਾ ਨਾਮ ਅਤੇ ਉਨ੍ਹਾਂ ਦੇ ਅਨੁਸਾਰ ਸਿੱਖਿਆ ਦਾ ਟੀਚਾ ਕੀ ਹੈ ਦੱਸਣ ਲਈ ਕਹੋ |
| 60 ਮਿੰਟ | <u>ਇਨ੍ਹਾਂ ਸਵਾਲਾਂ 'ਤੇ ਇਕ-ਇਕ ਕਰਕੇ ਚਰਚਾ ਕਰੋ:</u><br><br>1) ਜੇਕਰ ਵਿਦਿਆਰਥੀ 2047 ਵਿੱਚ ਸਕੂਲ ਤੋਂ ਗ੍ਰੈਜੂਏਟ ਹੁੰਦਾ ਹੈ ਤਾਂ ਉਸ ਕੋਲ ਕਿਹੜੇ ਹੁਨਰ ਅਤੇ ਰਵੱਈਏ ਹੋਣੇ ਚਾਹੀਦੇ ਹਨ?<br>2) ਸਕੂਲ ਮਾਪਿਆਂ ਦੀ ਬਿਹਤਰ ਤਰੀਕੇ ਨਾਲ ਕਿਵੇਂ ਮਦਦ ਕਰ ਸਕਦੇ ਹਨ?<br>3) ਮਾਪੇ ਕਿਹਣੇ ਤਰੀਕਿਆਂ ਨਾਲ ਵਿਦਿਆਰਥੀਆਂ ਦਾ ਸਮਰਥਨ ਕਰ ਸਕਦੇ ਹਨ? |
| 5 ਮਿੰਟ | • ਚਰਚਾ ਨੂੰ 4-5 ਵਾਕਾਂ ਵਿੱਚ ਸੰਖੇਪ ਕਰੋ<br>• ਪੁੱਛੋ ਜੇਕਰ ਕੋਈ ਆਖਰੀ ਵਿਚਾਰ ਸਾਂਝੇ ਕਰਨਾ ਚਾਹੁੰਦਾ ਹੈ।<br>• ਸਰਗਰਮ ਭਾਗੀਦਾਰੀ ਅਤੇ ਸ਼ੇਅਰਿੰਗ ਲਈ ਸਾਰਿਆਂ ਦਾ ਧੰਨਵਾਦ |
| ਚਰਚਾ ਤੋਂ ਬਾਅਦ | • ਚਰਚਾ ਨੋਟਸ ਨੂੰ ਦੇਖੋ ਅਤੇ ਜੇ ਕੋਈ ਵਿਚਾਰ ਖੁੰਝ ਗਿਆ ਹੋਵੇ ਤਾਂ ਸ਼ਾਮਲ ਕਰੋ<br>• ਵਿਜ਼ਨ ਸਰਵੇਖਣ ਫਾਰਮ ਨੂੰ ਭਰੋ |


ਇੱਕ ਸਾਂਝਾ ਵਿਜ਼ਨ ਇੱਕ ਵਿਚਾਰ ਨਹੀਂ
ਇਹ ਲੋਕਾਂ ਦੇ ਦਿਲਾਂ ਵਿੱਚ ਇੱਕ ਤਾਕਤ ਹੈ
... ਇਸਦੇ ਸਰਲ ਪੱਧਰ 'ਤੇ, ਸਾਂਝੀ ਵਿਜ਼ਨ
ਹੀ ਸਵਾਲ ਦਾ ਜਵਾਬ ਹੈ
ਅਸੀਂ ਕੀ ਬਣਾਉਣਾ ਚਾਹੁੰਦੇ ਹਾਂ?
-Peter Senge